# सुपना दाती दा

ਸੁਫ਼ਨਾ ਦਾਤੀ ਦਾ, ਕਿਸੇ ਕਿਸੇ ਨੂੰ ਆਉਂਦਾ x||-||
ਦਰਸ਼ਨ ਮਈਆ ਦਾ, ਭਾਗਾਂ ਵਾਲਾ ਹੀ ਪਾਉਂਦਾ x||
ਸੁਫ਼ਨਾ ਦਾਤੀ ਦਾ,,,,,,,,,,,,,,,,,,,

ਹਰ ਪਲ ਜੋ, ਜਗਦੰਬੇ ਮਾਂ ਦੀ,
"ਯਾਦ 'ਚ ਡੁੱਬਿਆ ਰਹਿੰਦਾ" |
ਜੈ ਮਾਤਾ ਦੀ, ਜੈ ਮਾਤਾ ਦੀ,
"ਕਹਿੰਦਾ ਉੱਠਦਾ ਬਹਿੰਦਾ" ||
ਉਸਦੇ ਨਾਮ ਦੀ, ਮਸਤੀ ਦੇ ਵਿੱਚ* |
ਡੁੱਬ ਕੇ ਗ਼ੋਤੇ ਖਾਂਦਾ,,,
ਸੁਫ਼ਨਾ ਦਾਤੀ ਦਾ,,,,,,,,,,,,,,,,,,,

ਜਿਸ ਨੇ ਆਪਣਾ, ਆਪ ਲੁਟਾਇਆ,
"ਉਸਨੇ ਮਾਂ ਨੂੰ ਪਾਇਆ" |
ਉਸ ਨੂੰ ਦਾਤੀ, ਦੇ ਆਂਚਲ ਦੀ,
"ਮਿਲ ਗਈ ਸ਼ੀਤਲ ਛਾਇਆ" ||
ਮਾਂ ਦੇ ਚਰਣਾਂ, ਦੀ ਧੂਲੀ ਨੂੰ* |
ਜੋ ਮੱਥੇ ਤੇ ਲਾਉਂਦਾ,,,
ਸੁਫ਼ਨਾ ਦਾਤੀ ਦਾ,,,,,,,,,,,,,,,,,,

ਜਿਸ ਦੇ ਸੁਫ਼ਨੇ, ਦੇ ਵਿੱਚ ਆਉਂਦੀ,
"ਮਈਆ ਸ਼ੇਰ ਸਵਾਰੀ" |
ਖੁੱਲ੍ਹੀਆਂ ਅੱਖਾਂ, ਨਾਲ ਉਹ ਵੇਖੇ,
"ਮਾਂ ਦੀ ਛਵੀ ਨਿਆਰੀ" ||
ਝੰਡਿਆਂ ਵਾਲੀ, ਦੀ ਮੂਰਤ ਜੋ* |
ਦਿਲ ਦੇ ਵਿੱਚ ਵਸਾਉਂਦਾ,,,
ਸੁਫ਼ਨਾ ਦਾਤੀ ਦਾ,,,,,,,,,,,,,,,,,,,

ਦਰਸ਼ਨ ਤੇਰਾ, ਕਰਦਾ ਦਾਤੀ,
"ਹਾਜ਼ਰੀਆਂ ਵੀ ਭਰਦਾ" |
ਹਰ ਸੁਫ਼ਨੇ ਵਿੱਚ, ਆ ਕੇ ਦਾਤੀ,
"ਪੂਜਾ ਤੇਰੀ ਕਰਦਾ" ||
ਜਦ ਵੀ ਸੁਫ਼ਨਾ, ਖੁੱਲ੍ਹੇ ਮੇਰਾ* |
ਦਰਸ਼ਨ ਤੇਰਾ ਹੀ ਪਾਉਂਦਾ,,,
ਸੁਫ਼ਨਾ ਦਾਤੀ ਦਾ,,,,,,,,,,,,,,,,,,,

ਅਪਲੋਡਰ - ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27571/title/supna-dati-da

अपने Android मोबाइल पर BhajanGanga App डाउनलोड करें और भजनों का आनंद ले |